Rise
WOMEN'S LEGAL CENTRE

# ਪ੍ਰਾਪਰਟੀ ਦੀ ਕੱਚੀ ਵੰਡ

ਇਹ ਗਾਈਡ ਇਹ ਸਮਝਣ ਵਿਚ ਲੋਕਾਂ ਦੀ ਮਦਦ ਕਰਨ ਲਈ ਤਿਆਰ ਕੀਤੀ ਗਈ ਸੀ ਕਿ ਕਦੋਂ ਉਹ ਆਪਣੀਆਂ ਕਾਨੂੰਨੀ ਕਾਰਵਾਈਆਂ ਦੇ ਖਰਚਿਆਂ ਨੂੰ ਕਵਰ ਕਰਨ ਵਿਚ ਮਦਦ ਲਈ ਪਰਿਵਾਰ ਦੀ ਪ੍ਰਾਪਰਟੀ ਵਰਤਣ ਦੇ ਯੋਗ ਹੋ ਸਕਦੇ ਹਨ।

ਇਸ ਗਾਈਡ ਵਿਚ ਕੋਈ ਕਾਨੂੰਨੀ ਸਲਾਹ ਨਹੀਂ ਹੈ। ਜੇ ਤੁਹਾਨੂੰ ਜਾਂ ਤੁਹਾਡੇ ਕਿਸੇ ਪਿਆਰੇ ਨੂੰ ਕਾਨੂੰਨੀ ਸਲਾਹ ਦੀ ਲੋੜ ਹੋਵੇ ਤਾਂ ਕਿਰਪਾ ਕਰਕੇ ਕਿਸੇ ਵਕੀਲ ਨਾਲ ਗੱਲ ਕਰੋ।



**ਜਦੋਂ ਲੋਕ ਅਲੱਗ ਹੁੰਦੇ ਹਨ,** ਕਦੇ ਕਦੇ ਉਨ੍ਹਾਂ ਦੀ ਆਮਦਨ ਅਤੇ ਜਾਇਦਾਦ ਤੱਕ ਪਹੁੰਚ ਨਾਬਰਾਬਰ ਹੁੰਦੀ ਹੈ। ਇਕ ਪਾਰਟਨਰ (ਸਾਥੀ) ਨੇ ਕੰਮ ਕੀਤਾ ਹੋ ਸਕਦਾ ਹੈ, ਜਦ ਕਿ ਦੂਜਾ ਪਾਰਟਨਰ ਘਰ ਰਿਹਾ ਹੋ ਸਕਦਾ ਹੈ। ਇਕ ਪਾਰਟਨਰ ਨੇ ਆਪਣੇ ਨਾਂ ’ਤੇ ਆਰ ਆਰ ਐੱਸ ਪੀਜ਼, ਟੀ ਐੱਫ ਐੱਸ ਏਜ਼ ਵਿਚ ਯੋਗਦਾਨ ਪਾਇਆ ਹੋ ਸਕਦਾ ਹੈ, ਜਾਂ ਹੋਰ ਇਨਵੈਸਟਮੈਂਟਾਂ ਕੀਤੀਆਂ ਹੋ ਸਕਦੀਆਂ ਹਨ, ਜਦ ਕਿ ਦੂਜਾ ਪਾਰਟਨਰ ਇਹ ਕਰਨ ਦੇ ਯੋਗ ਨਹੀਂ ਸੀ। ਰਿਸ਼ਤੇ ਦੇ ਟੁੱਟਣ ਤੋਂ ਬਾਅਦ, ਇਕ ਪਾਰਟਨਰ ਨੇ ਸਾਂਝੇ ਅਕਾਊਂਟ ਖਾਲੀ ਕਰ ਦਿੱਤੇ ਹੋ ਸਕਦੇ ਹਨ ਅਤੇ ਪੈਸੇ ਆਪਣੇ ਲਈ ਰੱਖ ਲਏ ਹੋ ਸਕਦੇ ਹਨ। ਕੁਝ ਹਾਲਤਾਂ ਵਿਚ, ਉਪਰਲੀਆਂ ਉਦਾਹਰਣਾਂ ਵਾਂਗ, ਇਕ ਪਾਰਟਨਰ ਕੋਲ ਵਕੀਲ ਨੂੰ ਦੇਣ ਲਈ ਜ਼ਿਆਦਾ ਪੈਸੇ ਹੋ ਸਕਦੇ ਹਨ ਅਤੇ ਸੰਭਵ ਤੌਰ ’ਤੇ ਉਹ ਦੂਜੇ ਵਿਅਕਤੀ ਨੂੰ ਪੈਸਿਆਂ ਤੋਂ ਸੱਖਣਾ ਕਰ ਸਕਦਾ ਹੈ।

ਇਹ ਪੱਕਾ ਕਰਨ ਵਿਚ ਮਦਦ ਲਈ ਕਿ ਦੋਨੋਂ ਪਾਰਟਨਰਾਂ ਦੀ ਪਰਿਵਾਰ ਦੀ ਪ੍ਰਾਪਰਟੀ ਤੱਕ ਪਹੁੰਚ ਹੋਵੇ, ਬੀ ਸੀ ਦਾ *ਫੈਮਿਲੀ ਲਾਅ ਐਕਟ* “ਪ੍ਰਾਪਰਟੀ ਦੀ ਕੱਚੀ ਵੰਡ” ਕਰਨ ਦੀ ਆਗਿਆ ਦਿੰਦਾ ਹੈ। ਇਹ ਗਾਈਡ ਪ੍ਰਾਪਰਟੀ ਦੀ ਕੱਚੀ ਵੰਡ ਬਾਰੇ ਆਮ ਸਵਾਲਾਂ ਦੇ ਜਵਾਬ ਦਿੰਦੀ ਹੈ ਅਤੇ ਇਹ ਦੱਸਦੀ ਹੈ ਕਿ ਇਹ ਲੈਣ ਦੇ ਕੌਣ ਯੋਗ ਹੋ ਸਕਦਾ ਹੈ।

ਇਸ ਗਾਈਡ ਵਿਚ, ਅਸੀਂ ਮਾਰੀਆ ਅਤੇ ਮਾਰਕ ਨੂੰ ਦੇਖਾਂਗੇ। ਉਹ 10 ਸਾਲ ਵਿਆਹੇ ਰਹੇ ਹਨ ਅਤੇ ਉਨ੍ਹਾਂ ਦੋਨਾਂ ਦਾ ਇਕ ਅੱਠ ਸਾਲ ਦਾ ਬੱਚਾ ਹੈ। ਮਾਰੀਆ ਘਰ ਵਿਚ ਰਹਿਣ ਵਾਲੀ ਮਾਂ ਹੈ, ਅਤੇ ਮਾਰਕ ਇਕ ਟੈਕ ਕੰਪਨੀ ਵਿਚ ਕੰਮ ਕਰਦਾ ਹੈ, ਅਤੇ ਹਰ ਸਾਲ $160,000 ਕਮਾਉਂਦਾ ਹੈ। ਮਾਰਕ ਕੋਲ ਇਕ ਸੇਵਿੰਗਜ਼ ਅਕਾਊਂਟ ਵੀ ਹੈ, ਜਿਸ ਵਿਚ ਤਕਰੀਬਨ $80,000 ਹਨ। ਉਨ੍ਹਾਂ ਕੋਲ ਫਰੇਜ਼ਰ ਵੈਲੀ ਵਿਚ ਇਕ ਕੰਡੋ ਹੈ ਜਿਸ ਵਿਚ ਉਨ੍ਹਾਂ ਦੀ ਇਕੁਟੀ $400,000 ਹੈ।



ਮਾਰੀਆ ਅਤੇ ਮਾਰਕ ਕੁਝ ਮਹੀਨੇ ਪਹਿਲਾਂ ਅਲੱਗ ਹੋ ਗਏ। ਮਾਰੀਆ ਅਤੇ ਬੱਚਾ ਕਿਸੇ ਦੋਸਤ ਦੀ ਬੇਸਮੈਂਟ ਸੂਈਟ ਵਿਚ ਰਹਿ ਰਹੇ ਹਨ, ਜਦ ਕਿ ਮਾਰਕ ਕੰਡੋ ਵਿਚ ਰਹਿੰਦਾ ਹੈ। ਮਾਰੀਆ ਦੀ ਪਰਿਵਾਰ ਦੇ ਸਾਂਝੇ ਬੈਂਕ ਅਕਾਊਂਟ ਤੱਕ ਪਹੁੰਚ ਹੈ ਪਰ ਮਾਰਕ ਦੇ ਸੇਵਿੰਗਜ਼ ਅਕਾਊਂਟ ਤੱਕ ਨਹੀਂ। ਸਾਂਝੇ ਅਕਾਊਂਟ ਵਿਚਲੇ ਬਹੁਤੇ ਪੈਸੇ ਵਰਤੇ ਜਾ ਚੁੱਕੇ ਹਨ, ਅਤੇ ਮਾਰਕ ਇਸ ਵਿਚ ਹੋਰ ਪੈਸੇ ਨਹੀਂ ਪਾ ਰਿਹਾ।

ਮਾਰੀਆ ਨੂੰ ਹਰ ਮਹੀਨੇ $500 ਚਾਇਲਡ ਟੈਕਸ ਬੈਨੇਫਿਟ ਪੇਮੈਂਟਾਂ ਵਿਚ ਮਿਲਦੇ ਹਨ। ਉਸ ਦੀ ਕੋਈ ਹੋਰ ਆਮਦਨ ਨਹੀਂ ਹੈ। ਆਪਣੇ ਫੈਮਿਲੀ ਲਾਅ ਦੇ ਕੇਸ ਨੂੰ ਹੱਲ ਕਰਨ ਵਿਚ ਮਦਦ ਲਈ ਮਾਰੀਆ ਕਿਸੇ ਵਕੀਲ ਦੀ ਸਹਾਇਤਾ ਲੈਣਾ ਚਾਹੁੰਦੀ ਹੈ ਪਰ ਉਹ ਵਕੀਲ ਦਾ ਖਰਚਾ ਨਹੀਂ ਦੇ ਸਕਦੀ। ਮਾਰਕ ਕਹਿੰਦਾ ਹੈ ਕਿ ਉਨ੍ਹਾਂ ਨੂੰ ਵਕੀਲ ਦੀ ਲੋੜ ਨਹੀਂ ਹੈ ਅਤੇ ਉਨ੍ਹਾਂ ਨੂੰ ਆਪ ਹੀ ਐਗਰੀਮੈਂਟ ਕਰ ਲੈਣਾ ਚਾਹੀਦਾ ਹੈ।



ਪ੍ਰਾਪਰਟੀ ਦੀ ਕੱਚੀ ਵੰਡ ਸਿਰਫ ਉਨ੍ਹਾਂ ਲੋਕਾਂ ਲਈ ਹੀ ਉਪਲਬਧ ਹੈ ਜਿਨ੍ਹਾਂ ਨੂੰ “ਸਪਾਉਸਿਜ਼” (ਜਿਵੇਂ ਪਤੀ/ਪਤਨੀ) ਸਮਝਿਆ ਜਾਂਦਾ ਹੈ। ਪ੍ਰਾਪਰਟੀ ਦੀ ਵੰਡ ਦੇ ਮੰਤਵਾਂ ਲਈ ਇਸ ਦਾ ਆਮ ਤੌਰ ’ਤੇ ਮਤਲਬ ਇਹ ਹੈ ਕਿ ਉਹ ਵਿਆਹੇ ਹੋਏ ਹਨ ਜਾਂ ਉਹ ਘੱਟੋ ਘੱਟ ਦੋ ਸਾਲਾਂ ਲਈ ਇਕੱਠੇ ਰਹੇ ਹਨ।

# ਕੱਚੀ ਵੰਡ ਕੀ ਹੈ?

ਫੈਮਿਲੀ ਲਾਅ ਦੇ ਕੁਝ ਕੇਸਾਂ ਵਿਚ, ਕੋਰਟ ਇਹ ਆਰਡਰ ਕਰ ਸਕਦੀ ਹੈ ਕਿ ਫੈਮਿਲੀ ਲਾਅ ਦੇ ਹੋਰ ਸਾਰੇ ਮਾਮਲਿਆਂ ਦਾ ਫੈਸਲਾ ਕੀਤੇ ਜਾਣ ਤੋਂ ਪਹਿਲਾਂ ਪਰਿਵਾਰ ਦੀ ਪ੍ਰਾਪਰਟੀ ਜਾਂ ਸੰਪਤੀ ਦਾ ਇਕ ਹਿੱਸਾ ਸਪਾਊਸ (ਪਾਰਟਨਰ) ਨੂੰ ਦਿੱਤਾ ਜਾ ਸਕਦਾ ਹੈ। ਇਸ ਨੂੰ "ਇਨਟਰਮ ਡਿਸਟ੍ਰੀਬਿਊਨ" ਆਖਿਆ ਜਾਂਦਾ ਹੈ ਅਤੇ ਅਜਿਹਾ ਹੋ ਸਕਦਾ ਹੈ ਜੇ ਸਪਾਊਸ ਨੂੰ ਖਾਸ ਚੀਜ਼ਾਂ ਦਾ ਖਰਚਾ ਦੇਣ ਲਈ ਪੈਸਿਆਂ ਦੀ ਲੋੜ ਹੋਵੇ, ਜਿਸ ਵਿਚ ਕੋਰਟ ਦੀ ਕਾਰਵਾਈ ਜਾਂ ਝਗੜਿਆਂ ਦੇ ਹੱਲ ਲਈ ਕੋਈ ਵਕੀਲ ਜਾਂ ਹੋਰ ਕਾਨੂੰਨੀ ਮਾਹਰ ਕਰਨਾ ਸ਼ਾਮਲ ਹੈ।

ਕੱਚੀ ਵੰਡ (ਇਨਟਰਮ ਡਿਸਟ੍ਰੀਬਿਊਨ) *ਫੈਮਿਲੀ ਲਾਅ ਐਕਟ* ਦੇ ਸੈਕਸ਼ਨ 89 ਹੇਠ ਕੀਤੀ ਜਾਂਦੀ ਹੈ, ਜਿਹੜਾ ਇਹ ਕਹਿੰਦਾ ਹੈ ਕਿ ਕੋਰਟ ਸੰਪਤੀ ਦਾ ਕੁਝ ਹਿੱਸਾ ਇਨ੍ਹਾਂ ਮੰਤਵਾਂ ਲਈ ਸਪਾਊਸ ਨੂੰ ਦਿੱਤੇ ਜਾਣ ਦਾ ਆਰਡਰ ਕਰ ਸਕਦੀ ਹੈ:

- ਪਰਿਵਾਰਕ ਝਗੜੇ ਦਾ ਹੱਲ ਕਰਨ ਦਾ ਖਰਚਾ ਦੇਣ ਲਈ (ਕੋਰਟ ਤੋਂ ਬਾਹਰਲੇ ਤਰੀਕਿਆਂ ਵਿਚ ਮੀਡੀਏਸ਼ਨ, ਆਰਬੀਟਰੇਸ਼ਨ, ਕੋਲੈਬੋਰੇਟਿਵ ਫੈਮਿਲੀ ਲਾਅ, ਜਾਂ ਪੇਰੈਂਟਿੰਗ ਕੋਆਰਡੀਨੇਟਰ ਦੀਆਂ ਸੇਵਾਵਾਂ ਸ਼ਾਮਲ ਹਨ)
- *ਫੈਮਿਲੀ ਲਾਅ ਐਕਟ* ਹੇਠ ਕੋਰਟ ਦੀ ਕਾਰਵਾਈ ਦਾ ਸਾਰਾ ਜਾਂ ਕੁਝ ਖਰਚਾ ਦੇਣ ਲਈ
- ਪਰਿਵਾਰਕ ਝਗੜੇ ਦਾ ਹੱਲ ਕਰਨ ਜਾਂ ਕੋਰਟ ਕੋਲ ਐਪਲੀਕੇਸ਼ਨ ਕਰਨ ਦੇ ਹੱਕ ਵਿਚ ਰਿਪੋਰਟਾਂ ਲੈਣ ਦਾ ਖਰਚਾ ਦੇਣ ਲਈ (ਉਦਾਹਰਣ ਲਈ ਫੰਡਾਂ ਦੀ ਵਰਤੋਂ ਸੈਕਸ਼ਨ 211 ਅਸੈੱਸਰਾਂ ਜਾਂ ਬਿਜ਼ਨਸ ਦਾ ਅਨੁਮਾਨ ਲਾਉਣ ਵਾਲਿਆਂ ਲਈ ਕੀਤੀ ਜਾ ਸਕਦੀ ਹੈ)[1]

"ਕੱਚੀ ਵੰਡ" (ਇਨਟਰਮ ਡਿਸਟ੍ਰੀਬਿਊਨ) ਹੋ ਸਕਦੀ ਹੈ ਜੇ ਸਪਾਊਸ ਨੂੰ ਖਾਸ ਚੀਜ਼ਾਂ ਦਾ ਖਰਚਾ ਦੇਣ ਲਈ ਪੈਸਿਆਂ ਦੀ ਲੋੜ ਹੋਵੇ, ਜਿਸ ਵਿਚ ਕੋਰਟ ਦੀ ਕਾਰਵਾਈ ਜਾਂ ਝਗੜਿਆਂ ਦੇ ਹੱਲ ਲਈ ਕੋਈ ਵਕੀਲ ਜਾਂ ਹੋਰ ਕਾਨੂੰਨੀ ਮਾਹਰ ਕਰਨਾ ਸ਼ਾਮਲ ਹੈ।

ਮਾਰਕ ਤੋਂ ਉਸ ਦੀ ਸੈਪਾਰੇਸ਼ਨ 'ਤੇ ਅਸਰ ਪਾ ਰਹੇ ਸਾਰੇ ਕਾਨੂੰਨੀ ਮਾਮਲਿਆਂ ਬਾਰੇ ਫਾਈਨਲ ਫੈਸਲਾ ਕੀਤੇ ਜਾਣ ਤੋਂ ਪਹਿਲਾਂ, ਕੱਚੀ ਵੰਡ ਲਈ ਆਰਡਰ, ਮਾਰੀਆ ਨੂੰ ਕਾਨੂੰਨੀ ਸਹਾਇਤਾ ਲੈਣ ਲਈ (ਜਿਵੇਂ ਕਿ ਕਾਨੂੰਨੀ ਸਲਾਹ ਜਾਂ ਕੋਰਟ ਵਿਚ ਨੁਮਾਇੰਦਗੀ) ਪਰਿਵਾਰ ਦੇ ਕੁਝ ਪੈਸੇ ਵਰਤਣ ਦੀ ਆਗਿਆ ਦੇ ਸਕਦਾ ਹੈ। ਪਰ, ਮਾਰੀਆ ਆਪਣੇ ਰਹਿਣ ਸਹਿਣ ਦੇ ਆਮ ਖਰਚਿਆਂ ਨੂੰ ਕਵਰ ਕਰਨ ਲਈ ਕੱਚੀ ਵੰਡ ਦੀ ਮੰਗ ਨਹੀਂ ਕਰ ਸਕਦੀ।

ਫੈਮਿਲੀ ਲਾਅ ਵਿਚ "ਇਨਟਰਮ" ਆਰਡਰ ਇਕ ਟੈਂਪਰੇਰੀ ਆਰਡਰ ਹੈ ਜਿਹੜਾ ਕੋਰਟ ਵਲੋਂ ਕੇਸ ਪੂਰੀ ਤਰ੍ਹਾਂ ਮੁਕੰਮਲ ਕੀਤੇ ਜਾਣ ਤੋਂ ਪਹਿਲਾਂ, ਦੋਨਾਂ ਧਿਰਾਂ ਵਿਚਕਾਰ ਇਕ ਐਗਰੀਮੈਂਟ ਰਾਹੀਂ ਜਾਂ ਮੁਕੱਦਮੇ ਤੋਂ ਬਾਅਦ ਕੀਤਾ ਜਾਂਦਾ ਹੈ। ਭਾਵੇਂ ਕਿ ਇਨਟਰਮ ਆਰਡਰਾਂ ਦਾ ਮਕਸਦ ਟੈਂਪਰੇਰੀ ਹੁੰਦਾ ਹੈ, ਕਿਉਂਕਿ ਫੈਮਿਲੀ ਲਾਅ ਦੇ ਕੇਸ ਅਕਸਰ ਹੌਲੀ ਹੌਲੀ ਅੱਗੇ ਵਧਦੇ ਹਨ, ਇਨਟਰਮ ਆਰਡਰ ਅਕਸਰ ਕਈ ਮਹੀਨਿਆਂ ਜਾਂ ਕਦੇ ਕਦੇ ਸਾਲਾਂ ਲਈ ਲਾਗੂ ਰਹਿੰਦੇ ਹਨ। ਇਨਟਰਮ ਆਰਡਰ ਇਕ ਅਸਲੀ ਆਰਡਰ ਹੈ ਅਤੇ ਇਸ ਦੀ ਉਦੋਂ ਤੱਕ ਪਾਲਣਾ ਕਰਨ ਦੀ ਲੋੜ ਹੈ ਜਦ ਤੱਕ ਇਸ ਦੀ ਥਾਂ ਕੋਈ ਹੋਰ ਇਨਟਰਮ ਆਰਡਰ ਜਾਂ ਫਾਈਨਲ ਆਰਡਰ ਨਹੀਂ ਲੈ ਲੈਂਦਾ।



# ਮੈਂ ਕੱਚੀ ਵੰਡ ਲਈ ਕਦੋਂ ਅਪਲਾਈ ਕਰ ਸਕਦੀ/ਸਕਦਾ ਹਾਂ?

ਕੱਚੀ ਵੰਡ ਦਾ ਮਕਸਦ ਇਨਸਾਫ ਤੱਕ ਪਹੁੰਚ ਦੇ ਸੰਬੰਧ ਵਿਚ ਪੱਧਰ ਨੂੰ ਇਕਸਾਰ ਕਰਨਾ ਹੈ, ਅਤੇ ਇਹ ਉਦੋਂ ਅਕਸਰ ਕੀਤਾ ਜਾਂਦਾ ਹੈ ਜਦੋਂ ਸਪਾਊਸਿਜ਼ ਦੀ ਆਰਥਿਕ ਹਾਲਤ ਵਿਚ ਵੱਡਾ ਫਰਕ ਹੁੰਦਾ ਹੈ।

ਕੱਚੀ ਵੰਡ ਦਾ ਮੁੱਖ ਮਕਸਦ, ਇਨਸਾਫ ਤੱਕ ਪਹੁੰਚ ਦੇ ਸੰਬੰਧ ਵਿਚ ਦੋਨਾਂ ਸਪਾਊਸਿਜ਼ ਲਈ ਪੱਧਰ ਇੱਕੋ ਜਿਹਾ ਕਰਨਾ ਹੈ।[2]

ਅਦਾਲਤ ਨੇ ਇਹ ਟਿੱਪਣੀ ਕੀਤੀ ਹੈ ਕਿ ਕੱਚੀ ਵੰਡ "ਮੁਕੱਦਮੇਬਾਜ਼ੀ ਦੇ ਪੱਧਰ ਨੂੰ ਇਕਸਾਰ ਕਰਨ ਵਿਚ ਮਦਦ ਕਰਨ ਦੇ ਮੰਤਵ ਲਈ ਹੈ ਜੋ ਕਿ ਅਕਸਰ ਇਕ ਪੱਖੀ ਹੋ ਜਾਂਦਾ ਹੈ ਜਦੋਂ ਇਕ ਸਪਾਊਸ ਸਾਰੀ ਜਾਂ ਬਹੁਤੀ ਦੌਲਤ ਅਤੇ ਸੰਪਤੀ ਨੂੰ ਕੰਟਰੋਲ ਕਰਦਾ ਹੈ।"[3]

ਇਸ ਕਰਕੇ ਕੱਚੀ ਵੰਡ ਦਾ ਆਰਡਰ ਉਦੋਂ ਅਕਸਰ ਕੀਤਾ ਜਾਂਦਾ ਹੈ ਜਦੋਂ ਸਪਾਊਸਿਜ਼ ਦੀ ਆਰਥਿਕ ਹਾਲਤ ਵਿਚ ਵੱਡਾ ਫਰਕ ਹੁੰਦਾ ਹੈ। ਜੇ ਤੁਹਾਡੇ ਸਪਾਊਸ ਦੀ ਤੁਹਾਡੇ ਨਾਲੋਂ ਜ਼ਿਆਦਾ ਆਮਦਨ ਹੈ ਜਾਂ ਸੰਪਤੀ ਤੱਕ ਤੁਹਾਡੇ ਨਾਲੋਂ ਜ਼ਿਆਦਾ ਪਹੁੰਚ ਹੈ, ਜਾਂ ਦੋਨੋਂ ਹਨ ਤਾਂ ਆਪਣੇ ਕੋਰਟ ਕੇਸ ਜਾਂ ਝਗੜੇ ਦੇ ਹੱਲ ਲਈ ਖਰਚਾ ਦੇਣ ਵਿਚ ਮਦਦ ਕਰਨ ਲਈ ਕੱਚੀ ਵੰਡ ਇਕ ਚੰਗੀ ਚੋਣ ਹੋ ਸਕਦੀ ਹੈ।

ਜਿੱਥੇ ਤੁਹਾਡੀ ਅਤੇ ਤੁਹਾਡੇ ਸਪਾਊਸ ਦੀ ਇੱਕੋ ਜਿਹੀ ਆਮਦਨ ਜਾਂ ਨਗਦੀ ਤੱਕ ਪਹੁੰਚ ਹੋਵੇ ਤਾਂ ਕੋਰਟ ਵਲੋਂ ਕੱਚੀ ਵੰਡ ਦਾ ਆਰਡਰ ਕੀਤੇ ਜਾਣ ਦੀ ਘੱਟ ਸੰਭਾਵਨਾ ਹੈ, ਪਰ ਕੁਝ ਹਾਲਤਾਂ ਵਿਚ ਇਹ ਅਜੇ ਵੀ ਸੰਭਵ ਹੈ।[4]

ਮਾਰੀਆ ਅਤੇ ਮਾਰਕ ਦੀਆਂ ਆਮਦਨਾਂ ਵਿਚ ਇਕ ਵੱਡਾ ਫਰਕ ਹੈ। ਮਾਰਕ ਕੋਲ ਉਨ੍ਹਾਂ ਪੈਸਿਆਂ ਤੱਕ ਵੀ ਪਹੁੰਚ ਹੈ ਜਿਹੜੇ ਰਿਸ਼ਤੇ ਦੌਰਾਨ ਜੋੜੇ ਗਏ ਸਨ ਅਤੇ ਮਾਰੀਆ ਕੋਲ ਨਹੀਂ ਹੈ। ਕੱਚੀ ਵੰਡ ਲਈ ਅਪਲਾਈ ਕਰਨਾ ਮਾਰੀਆ ਲਈ ਇਕ ਚੰਗੀ ਚੋਣ ਹੋ ਸਕਦਾ ਹੈ।



"ਨਗਦੀ ਵਾਲੀ" ਸੰਪਤੀ ਨੂੰ ਸੌਖਿਆਂ ਹੀ ਕੈਸ਼ ਵਿਚ ਬਦਲਿਆ ਜਾ ਸਕਦਾ ਹੈ।



"ਗੈਰ-ਨਗਦੀ ਵਾਲੀ" ਸੰਪਤੀ ਛੇਤੀ ਕੈਸ਼ ਵਿਚ ਨਹੀਂ ਬਦਲੀ ਜਾ ਸਕਦੀ।

# ਕੱਚੀ ਵੰਡ ਕਿਵੇਂ ਕੀਤੀ ਜਾਂਦੀ ਹੈ?

ਕੱਚੀ ਵੰਡ ਉੱਥੇ ਜ਼ਿਆਦਾ ਸੌਖ ਨਾਲ ਹੁੰਦੀ ਹੈ ਜਿੱਥੇ "ਨਗਦੀ ਵਾਲੀ ਸੰਪਤੀ" ਹੁੰਦੀ ਹੈ, ਜਿਵੇਂ ਕਿ ਬੈਂਕਾਂ ਦੇ ਅਕਾਊਂਟ ਅਤੇ ਉਹ ਇਨਵੈਸਟਮੈਂਟਾਂ ਜਿਹੜੀਆਂ ਸੌਖਿਆਂ ਹੀ ਕੈਸ਼ ਕਰਾਈਆਂ ਜਾ ਸਕਣ। ਗੈਰ-ਨਗਦੀ ਵਾਲੀ ਸੰਪਤੀ ਵਿਚ ਕਾਰਾਂ, ਘਰ, ਅਤੇ ਗਹਿਣਿਆਂ ਵਰਗੀਆਂ ਚੀਜ਼ਾਂ ਸ਼ਾਮਲ ਹਨ ਜਿਨ੍ਹਾਂ ਦੀ ਵਰਤੋਂ ਆਮ ਤੌਰ 'ਤੇ ਕਾਨੂੰਨੀ ਸੇਵਾਵਾਂ ਦਾ ਖਰਚਾ ਦੇਣ ਲਈ ਨਹੀਂ ਕੀਤੀ ਜਾ ਸਕਦੀ। (ਤੁਸੀਂ ਵਕੀਲ ਨੂੰ ਉਸ ਦੀ ਫੀਸ ਲਈ ਕੋਈ ਕਾਰ ਨਹੀਂ ਦੇ ਸਕਦੇ।)

ਕੁਝ ਅਕਾਊਂਟ ਲੌਕਡ ਇਨ ਹੁੰਦੇ ਹਨ ਅਤੇ ਉਨ੍ਹਾਂ ਵਿੱਚੋਂ ਕੈਸ਼ ਨਹੀਂ ਕਢਾਇਆ ਜਾ ਸਕਦਾ। ਇਹ ਸੰਭਾਵਨਾ ਨਹੀਂ ਹੈ ਕਿ ਅਜਿਹੇ ਅਕਾਊਂਟਾਂ ਦੀ ਵਰਤੋਂ ਕੱਚੀ ਵੰਡ ਲਈ ਕੀਤੀ ਜਾ ਸਕਦੀ ਹੋਵੇ। ਕੋਈ ਆਰ ਆਰ ਐੱਸ ਪੀ ਜਾਂ ਸੇਵਿੰਗਜ਼ ਅਕਾਊਂਟ 'ਤੇ ਕੋਈ ਟੈਕਸ ਪੈਨਲਟੀ ਲੱਗਣ ਜਾਂ ਪੈਸੇ ਕਢਾਉਣ ਨਾਲ ਜੁੜੀ ਕਿਸੇ ਫੀਸ ਦਾ ਮਤਲਬ ਇਹ ਨਹੀਂ ਹੈ ਕਿ ਇਹ "ਲੌਕਡ ਇਨ" ਹੈ। ਪਰ, ਜੇ ਉਪਲਬਧ ਹੋਵੇ ਤਾਂ ਅਜਿਹੀ ਕੋਈ ਹੋਰ ਸੰਪਤੀ ਵਰਤਣਾ ਬਿਹਤਰ ਹੋ ਸਕਦਾ ਹੈ ਜਿਸ ਦੇ ਨਾਲ ਟੈਕਸ ਪੈਨਲਟੀ ਨਹੀਂ ਜੁੜੀ ਹੋਈ ਹੈ।

ਜੇ ਤੁਸੀਂ ਪਰਿਵਾਰ ਦਾ ਘਰ ਜਾਂ ਬਿਜ਼ਨਸ ਵੇਚ ਦਿੱਤਾ ਹੈ ਤਾਂ ਉਸ ਵਿਕਰੀ ਵਿੱਚੋਂ ਪੈਸੇ ਹੋ ਸਕਦੇ ਹਨ ਜਿਹੜੇ ਤੁਸੀਂ ਕੱਚੀ ਵੰਡ ਲਈ ਵਰਤ ਸਕਦੇ ਹੋ। ਕੁਝ ਹਾਲਤਾਂ ਵਿਚ, ਪਰਿਵਾਰ ਦੇ ਘਰ (ਜਾਂ ਹੋਰ ਰੀਅਲ ਪ੍ਰਾਪਰਟੀ) ਤੋਂ ਇਕੁਟੀ ਦੀ ਵਰਤੋਂ ਕਰਦੇ ਹੋਏ ਕੱਚੀ ਵੰਡ ਕਰਨਾ ਸੰਭਵ ਹੈ। ਇਸ ਵਿਚ ਆਮ ਤੌਰ 'ਤੇ ਘਰ ਨੂੰ ਵੇਚਣਾ ਜਾਂ ਦੁਬਾਰਾ ਮੌਰਗੇਜ ਲੈਣਾ ਸ਼ਾਮਲ ਹੋਵੇਗਾ। (ਜੇ ਤੁਹਾਡਾ ਸਪਾਊਸ ਘਰ ਵੇਚਣ ਲਈ ਸਹਿਮਤ ਨਹੀਂ ਹੁੰਦਾ ਤਾਂ ਤੁਹਾਨੂੰ ਘਰ ਵੇਚਣ ਲਈ ਆਰਡਰ ਲੈਣ ਵਾਸਤੇ ਵੀ ਕੋਰਟ ਕੋਲ ਅਪਲਾਈ ਕਰਨ ਦੀ ਲੋੜ ਪਵੇਗੀ।)

ਜੇ ਤੁਹਾਡੇ ਕੋਲ ਜਾਂ ਤੁਹਾਡੇ ਸਪਾਊਸ ਕੋਲ ਕੋਈ ਨਗਦੀ ਵਾਲੀ ਸੰਪਤੀ ਨਾ ਹੋਵੇ, ਜਾਂ ਜੇ ਆਪਣਾ ਘਰ ਵੇਚਣਾ ਜਾਂ ਇਸ 'ਤੇ ਦੁਬਾਰਾ ਮੌਰਗੇਜ ਲੈਣਾ ਸੰਭਵ ਨਾ ਹੋਵੇ ਤਾਂ ਕੱਚੀ ਵੰਡ ਵਾਜਬ ਨਹੀਂ ਹੋ ਸਕਦੀ ਹੈ।

ਮਾਰਕ ਕੋਲ ਕਿਉਂਕਿ ਨਗਦੀ ਵਾਲੀ ਸੰਪਤੀ ਹੈ (ਪਰਿਵਾਰ ਦਾ ਸੇਵਿੰਗਜ਼ ਅਕਾਊਂਟ), ਮਾਰੀਆ ਇਸ ਅਕਾਊਂਟ ਤੋਂ ਕੱਚੀ ਵੰਡ ਲੈਣ ਦੇ ਯੋਗ ਹੋ ਸਕਦੀ ਹੈ। ਕੁਝ ਹਾਲਤਾਂ ਵਿਚ, ਮਾਰੀਆ ਕੋਰਟ ਨੂੰ ਕੰਡੋ ਵੇਚਣ ਦਾ ਆਰਡਰ ਕਰਨ ਲਈ ਕਹਿਣ ਦੇ ਯੋਗ ਹੋ ਸਕਦੀ ਹੈ।

ਜੇ ਤੁਹਾਡੇ ਕੋਲ ਜਾਂ ਤੁਹਾਡੇ ਸਪਾਊਸ ਕੋਲ ਕੋਈ ਨਗਦੀ ਵਾਲੀ ਸੰਪਤੀ ਨਾ ਹੋਵੇ, ਜਾਂ ਜੇ ਆਪਣਾ ਘਰ ਵੇਚਣਾ ਜਾਂ ਇਸ 'ਤੇ ਦੁਬਾਰਾ ਮੌਰਗੇਜ ਲੈਣਾ ਸੰਭਵ ਨਾ ਹੋਵੇ ਤਾਂ ਕੱਚੀ ਵੰਡ ਵਾਜਬ ਨਹੀਂ ਹੋ ਸਕਦੀ ਹੈ।





# ਲੀਗਲ ਟੈੱਸਟ ਕੀ ਹੈ?

ਜਦੋਂ ਤੁਸੀਂ ਕੱਚੀ ਵੰਡ ਲਈ ਅਪਲਾਈ ਕਰਦੇ ਹੋ ਤਾਂ ਤੁਹਾਡੇ ਲਈ ਕੋਰਟ ਨੂੰ ਇਹ ਦਿਖਾਉਣਾ ਜ਼ਰੂਰੀ ਹੈ ਕਿ ਤੁਸੀਂ *ਫੈਮਿਲੀ ਲਾਅ ਐਕਟ* ਦੇ ਸੈਕਸ਼ਨ 89 ਹੇਠ ਦੋ ਸ਼ਰਤਾਂ ਪੂਰੀਆਂ ਕਰਦੇ ਹੋ:

- ਤੁਹਾਨੂੰ ਇਸ ਲਿਖਤ ਦੇ ਸਫਾ 3 ਉੱਪਰ ਦੱਸੇ ਗਏ ਤਿੰਨ ਮੰਤਵਾਂ ਵਿੱਚੋਂ ਇਕ ਜਾਂ ਜ਼ਿਆਦਾ ਮੰਤਵਾਂ ਲਈ ਕੱਚੀ ਵੰਡ ਦੀ ਲੋੜ ਹੈ; ਅਤੇ
- ਕੱਚੀ ਵੰਡ ਦੂਜੇ ਸਪਾਊਸ ਦੇ ਹਿੱਤਾਂ ਨੂੰ ਨੁਕਸਾਨ ਨਹੀਂ ਪਹੁੰਚਾਏਗੀ (ਇਹ ਉਸ ਦੇ ਕੇਸ ਦਾ ਨੁਕਸਾਨ ਨਹੀਂ ਕਰੇਗੀ)।[5]

ਲੋੜ ਦਿਖਾਉਣ ਲਈ, ਤੁਹਾਨੂੰ ਆਮ ਤੌਰ 'ਤੇ ਕੋਰਟ ਨੂੰ ਆਪਣੇ ਪੈਸੇ ਧੇਲੇ ਬਾਰੇ ਸਬੂਤ ਦੇਣ ਦੀ ਲੋੜ ਪਵੇਗੀ, ਜਿਸ ਵਿਚ ਇਹ ਸਬੂਤ ਵੀ ਸ਼ਾਮਲ ਹੈ ਕਿ ਤੁਸੀਂ ਉਸ ਆਮਦਨ ਅਤੇ ਸੰਪਤੀ ਨਾਲ ਜਿਸ ਤੱਕ ਤੁਹਾਡੀ ਪਹੁੰਚ ਹੈ, ਖਰਚੇ ਕਵਰ ਕਰਨ ਦੇ ਕਿਵੇਂ ਯੋਗ ਨਹੀਂ ਹੋ। ਤੁਹਾਨੂੰ ਕੋਰਟ ਨੂੰ ਪਰਿਵਾਰਕ ਝਗੜੇ ਦੇ ਹੱਲ ਜਾਂ ਕੋਰਟ ਦੀ ਕਾਰਵਾਈ ਦੇ ਅਨੁਮਾਨਤ ਖਰਚੇ ਬਾਰੇ ਵੀ ਜਾਣਕਾਰੀ ਦੇਣ ਦੀ ਲੋੜ ਪਵੇਗੀ।

ਕੀ ਕੋਰਟ ਨੂੰ ਇਹ ਲੱਗਦਾ ਹੈ ਜਾਂ ਨਹੀਂ ਕਿ ਕੱਚੀ ਵੰਡ ਦੂਜੇ ਸਪਾਊਸ ਲਈ ਨੁਕਸਾਨਦੇਹ ਹੋਵੇਗੀ ਜਾਂ ਨਹੀਂ ਹੋਵੇਗੀ, ਉਹ ਤੁਹਾਡੇ ਕੇਸ ਦੀਆਂ ਖਾਸ ਹਾਲਤਾਂ ਅਤੇ ਸ਼ਾਮਲ ਸੰਪਤੀ ਦੀ ਕਿਸਮ ਉੱਪਰ ਨਿਰਭਰ ਕਰੇਗਾ।[6] ਤੁਹਾਡੇ ਕੇਸ ਵਿਚਲੇ ਕੁਝ ਪੱਖ ਜਿਹੜੇ ਕੱਚੀ ਵੰਡ ਦੇ ਹੱਕ ਵਿਚ ਜਾ ਸਕਦੇ ਹਨ, ਉਨ੍ਹਾਂ ਵਿਚ ਸ਼ਾਮਲ ਹਨ:

- ਤੁਹਾਡੇ ਸਪਾਊਸ ਦੀ ਤੁਹਾਡੇ ਨਾਲੋਂ ਕਿਤੇ ਜ਼ਿਆਦਾ ਆਮਦਨ ਅਤੇ ਸੰਪਤੀ ਹੈ;
- ਤੁਹਾਡੇ ਕੇਸ ਵਿਚ ਗੁੰਝਲਦਾਰ ਮਸਲੇ ਸ਼ਾਮਲ ਹਨ;
- ਤੁਹਾਡਾ ਸਪਾਊਸ ਖਾਸ ਕਰਕੇ ਤਰਕਹੀਣ ਬਣ ਰਿਹਾ ਹੈ;
- ਆਪਣੇ ਸਪਾਊਸ ਤੋਂ ਵਿੱਤੀ ਪੇਪਰ ਲੈਣਾ ਔਖਾ ਹੈ;
- ਤੁਹਾਨੂੰ ਹੁਣ ਤੱਕ ਕਾਫੀ ਕਾਨੂੰਨੀ ਫੀਸਾਂ ਦੇਣੀਆਂ ਪਈਆਂ ਹਨ; ਜਾਂ
- ਤੁਸੀਂ ਆਪਣੀ ਆਮਦਨ ਜਾਂ ਸੰਪਤੀ ਤੋਂ ਕਾਨੂੰਨੀ ਫੀਸਾਂ ਦੇਣ ਦੇ ਅਯੋਗ ਹੋ

ਮਾਰੀਆ ਆਪਣੇ ਕੇਸ ਬਾਰੇ ਫੈਮਿਲੀ ਦੇ ਕੇਸ ਲੈਣ ਵਾਲੇ ਕਿਸੇ ਵਕੀਲ ਨਾਲ ਗੱਲ ਕਰਨਾ ਚਾਹੇਗੀ। ਜੇ ਉਹ ਪ੍ਰਾਪਰਟੀ ਦੀ ਕੱਚੀ ਵੰਡ ਕਰਨਾ ਚਾਹੁੰਦੀ ਹੋਵੇ ਤਾਂ ਉਸ ਨੂੰ ਆਪਣੇ ਮੌਜੂਦਾ ਪੈਸੇ ਧੇਲੇ ਅਤੇ ਮਾਰਕ ਦੇ ਪੈਸਿਆਂ ਬਾਰੇ ਜਾਣਕਾਰੀ ਇਕੱਤਰ ਕਰਨ ਦੀ ਲੋੜ ਪਵੇਗੀ। ਇਹ ਪਤਾ ਲਾਉਣ ਲਈ ਮਾਰੀਆ ਵਾਸਤੇ ਕਿਸੇ ਵਕੀਲ ਨਾਲ ਗੱਲ ਕਰਨਾ ਵੀ ਚੰਗਾ ਹੋਵੇਗਾ ਕਿ ਕਿਸੇ ਵਕੀਲ ਨਾਲ ਕੰਮ ਕਰਨ ਲਈ ਉਸ ਨੂੰ ਕਿੰਨੇ ਪੈਸਿਆਂ ਦੀ ਲੋੜ ਪਵੇਗੀ।

"ਐਫੀਡੇਵਿਟ" ਤੁਹਾਡੇ ਸਬੂਤ ਬਾਰੇ ਇਕ ਲਿਖਤੀ ਬਿਆਨ ਹੈ। ਤੁਹਾਡੇ ਐਫੀਡੇਵਿਟ 'ਤੇ ਦਸਖਤ ਕਿਸੇ ਵਕੀਲ, ਨੋਟਰੀ, ਜਾਂ ਕਮਿਸ਼ਨਰ ਔਫ ਐਫੀਡੇਟਿਵਸ ਦੇ ਸਾਹਮਣੇ ਕੀਤੇ ਜਾਣੇ ਜ਼ਰੂਰੀ ਹਨ (ਜੇ ਤੁਹਾਨੂੰ ਮਦਦ ਕਰਨ ਵਾਲਾ ਕੋਈ ਲੱਭਣ ਵਿਚ ਮੁਸ਼ਕਲ ਆ ਰਹੀ ਹੋਵੇ ਤਾਂ ਕੋਰਟ ਰਜਿਸਟਰੀਆਂ ਵਿਚ ਆਮ ਤੌਰ 'ਤੇ ਅਜਿਹਾ ਸਟਾਫ ਹੋਵੇਗਾ ਜਿਹੜਾ ਇਹ ਕਰਨ ਲਈ ਯੋਗ ਹੋਵੇਗਾ।) ਤੁਹਾਨੂੰ ਕਸਮ ਖਾ ਕੇ ਇਹ ਕਹਿਣ ਜਾਂ ਤਸਦੀਕ ਕਰਨ ਦੀ ਲੋੜ ਪਵੇਗੀ ਕਿ ਐਫੀਡੇਟਿਵ ਸੱਚਾ ਹੈ। ਦਸਖਤ ਕਰ ਦੇਣ ਤੋਂ ਬਾਅਦ, ਐਫੀਡੇਵਿਟ ਨੂੰ ਤੁਹਾਡੇ ਅਦਾਲਤ ਵਿਚ ਖੜ੍ਹੇ ਹੋਣ ਵਾਂਗ ਹੀ ਸਮਝਿਆ ਜਾਂਦਾ ਹੈ।

# ਕੱਚੀ ਵੰਡ ਲਈ ਮੈਂ ਕੋਰਟ ਵਿਚ ਕਿਵੇਂ ਅਪਲਾਈ ਕਰਨਾ ਹੈ?

ਤੁਸੀਂ ਕੱਚੀ ਵੰਡ ਲਈ ਸਿਰਫ ਬੀ ਸੀ ਸੁਪਰੀਮ ਕੋਰਟ ਵਿਚ ਹੀ ਅਪਲਾਈ ਕਰ ਸਕਦੇ ਹੋ।

ਜੇ ਤੁਹਾਡੀ ਆਪਣੇ ਫੈਮਿਲੀ ਲਾਅ ਦੇ ਕੇਸ ਲਈ ਸੁਪਰੀਮ ਕੋਰਟ ਵਿਚ ਖੁੱਲ੍ਹੀ ਫਾਇਲ ਨਹੀਂ ਹੈ ਤਾਂ ਤੁਹਾਨੂੰ ਪਹਿਲਾਂ ਕਾਰਵਾਈ ਸ਼ੁਰੂ ਕਰਨ ਦੀ ਲੋੜ ਪਵੇਗੀ। ਇਹ ਆਮ ਤੌਰ 'ਤੇ ਨੋਟਿਸ ਔਫ ਫੈਮਿਲੀ ਕਲੇਮ ਦਰਜ ਕਰਵਾ ਕੇ ਕੀਤਾ ਜਾਂਦਾ ਹੈ।

ਕੱਚੀ ਵੰਡ ਲਈ ਅਪਲਾਈ ਕਰਨ ਲਈ, ਤੁਹਾਨੂੰ ਨੋਟਿਸ ਔਫ ਐਪਲੀਕੇਸ਼ਨ ਅਤੇ ਐਫੀਡੇਵਿਟ ਦਰਜ ਕਰਵਾਉਣ ਅਤੇ ਤਾਮੀਲ ਕਰਵਾਉਣ ਦੀ ਲੋੜ ਪਵੇਗੀ ਜਿਹੜਾ ਤੁਹਾਡੀ ਹਾਲਤ ਦੱਸਦਾ ਹੈ।

ਤੁਸੀਂ ਸੁਪਰੀਮ ਕੋਰਟ ਵਿਚ ਕੇਸ ਦੇ ਵੱਖ ਵੱਖ ਪੜਾਵਾਂ 'ਤੇ ਕੱਚੀ ਵੰਡ ਲਈ ਅਪਲਾਈ ਕਰ ਸਕਦੇ ਹੋ, ਜਿਸ ਵਿਚ ਕੁਝ ਹਾਲਤਾਂ ਵਿਚ ਕੇਸ ਦੇ ਸ਼ੁਰੂ ਵਿਚ ਅਪਲਾਈ ਕਰਨਾ ਵੀ ਸ਼ਾਮਲ ਹੈ।

ਮਾਰੀਆ ਲੀਗਲ ਏਡ ਬੀ ਸੀ ਤੋਂ ਕੁਝ ਮਦਦ ਲੈਣ ਦੇ ਯੋਗ ਹੋ ਸਕਦੀ ਹੈ, ਜੋ ਕਿ ਸੁਪਰੀਮ ਕੋਰਟ ਵਿਚਲੇ ਡਿਊਟੀ ਕੌਂਸਲ ਨਾਲ ਗੱਲ ਕਰਕੇ ਜਾਂ ਲੀਗਲ ਏਡ ਨੂੰ ਸੀਮਤ ਪੇਸ਼ਗੀ ਫੀਸ 'ਤੇ ਵਕੀਲ ਦੇਣ ਲਈ ਪੁੱਛ ਕੇ ਕੀਤਾ ਜਾ ਸਕਦਾ ਹੈ, ਭਾਵੇਂ ਕਿ ਇਨ੍ਹਾਂ ਵਿੱਚੋਂ ਕੋਈ ਵੀ ਉਸ ਦੀ ਕੋਰਟ ਵਿਚ ਨੁਮਾਇੰਦਗੀ ਕਰਨ ਦੇ ਯੋਗ ਨਹੀਂ ਹੋਵੇਗਾ। ਆਪਣੀ ਮਦਦ ਲਈ ਉਹ ਫੈਮਿਲੀ ਲਾਅ ਦੇ ਕਿਸੇ ਐਡਵੋਕੇਟ ਨਾਲ ਵੀ ਜੁੜਨਾ ਚਾਹੁੰਦੀ ਹੋ ਸਕਦੀ ਹੈ। ਤੁਸੀਂ ਕੋਈ ਫੈਮਿਲੀ ਲਾਅ ਐਡਵੋਕੇਟ povnet.org/find-an-advocate 'ਤੇ PovNet map ਰਾਹੀਂ ਲੱਭ ਸਕਦੇ ਹੋ।

ਰਿਸ਼ਤੇ ਦਾ ਟੁੱਟਣਾ ਬਹੁਤ ਬੋਝ ਵਾਲਾ ਹੁੰਦਾ ਹੈ, ਅਤੇ ਪਰਿਵਾਰ ਦੇ ਪੈਸੇ ਵਰਤਣ ਦੇ ਅਯੋਗ ਹੋਣਾ, ਚੀਜ਼ਾਂ ਨੂੰ ਹੋਰ ਵੀ ਔਖੀਆਂ ਕਰ ਸਕਦਾ ਹੈ।

ਤੁਹਾਡੀ ਸਹਾਇਤਾ ਕਰਨ ਲਈ ਵਸੀਲੇ ਅਤੇ ਮਦਦਾਂ ਉਪਲਬਧ ਹਨ, ਅਤੇ ਅਸੀਂ ਤੁਹਾਨੂੰ ਆਪਣੇ ਇਲਾਕੇ ਵਿਚ ਮਦਦ ਕਰਨ ਵਾਲੀਆਂ ਸੇਵਾਵਾਂ ਨਾਲ ਜੁੜਨ ਲਈ ਉਤਸ਼ਾਹ ਦਿੰਦੇ ਹਾਂ।

---

## ਨੋਟਸ

1 *ਫੈਮਿਲੀ ਲਾਅ ਐਕਟ*, ਐੱਸ ਬੀ ਸੀ 2011, ਸੀ 25, ਸੈਕਸ਼ਨ 89: "ਜੇ ਇਹ ਸੰਤੁਸ਼ਟ ਹੈ ਕਿ ਸਪਾਊਸ ਦੇ ਹਿੱਤਾਂ ਲਈ ਨੁਕਸਾਨਦੇਹ ਨਹੀਂ ਹੋਵੇਗਾ ਅਤੇ ਹੇਠਾਂ ਦਿੱਤੇ ਮੰਤਵ ਲਈ ਜ਼ਰੂਰੀ ਹੈ ਤਾਂ ਸੁਪਰੀਮ ਕੋਰਟ ਪਰਿਵਾਰ ਦੀ ਪ੍ਰਾਪਰਟੀ ਦੀ ਕੱਚੀ ਵੰਡ ਲਈ ਆਰਡਰ ਕਰ ਸਕਦੀ ਹੈ ਜੋ ਕਿ ਅੱਗੇ ਦਿੱਤਿਆਂ ਲਈ ਪੈਸੇ ਪ੍ਰਦਾਨ ਕਰਨ ਲਈ ਇਸ ਹਿੱਸੇ ਅਧੀਨ ਵਿਚਾਰ ਹੇਠ ਹੈ: (ਏ) ਪਰਿਵਾਰਕ ਝਗੜੇ ਦਾ ਹੱਲ, (ਬੀ) ਇਸ ਐਕਟ ਹੇਠ ਸਾਰੀ ਜਾਂ ਕੁਝ ਕਾਰਵਾਈ, ਜਾਂ (ਸੀ) ਪਰਿਵਾਰਕ ਝਗੜੇ ਦੇ ਹੱਲ ਜਾਂ ਕੋਰਟ ਵਿਚ ਐਪਲੀਕੇਸ਼ਨ ਦੀ ਮਦਦ ਲਈ ਜਾਣਕਾਰੀ ਜਾਂ ਸਬੂਤ ਹਾਸਲ ਕਰਨਾ।"

2 *Bartch v. Bartch*, 2017 BCSC 210 at para. 23.

3 *I.F. v. R.J.R.*, 2015 BCSC 793 at para. 192.

4 *T.L.L. v. J.J.J.L.*, 2016 BCSC 1353.

5 *Bartch* at para. 22.

6 *Negus v. Yehia*, 2015 BCSC 857.

# ਅੱਗੇ ਵਧਣਾ

ਰਿਸ਼ਤੇ ਦਾ ਟੁੱਟਣਾ ਬਹੁਤ ਬੋਝ ਵਾਲਾ ਹੁੰਦਾ ਹੈ, ਅਤੇ ਪਰਿਵਾਰ ਦੇ ਪੈਸੇ ਵਰਤਣ ਦੇ ਅਯੋਗ ਹੋਣਾ, ਚੀਜ਼ਾਂ ਨੂੰ ਹੋਰ ਵੀ ਔਖੀਆਂ ਕਰ ਸਕਦਾ ਹੈ।

ਤੁਹਾਡੀ ਸਹਾਇਤਾ ਕਰਨ ਲਈ ਵਸੀਲੇ ਅਤੇ ਮਦਦਾਂ ਉਪਲਬਧ ਹਨ, ਅਤੇ ਅਸੀਂ ਤੁਹਾਨੂੰ ਆਪਣੇ ਇਲਾਕੇ ਵਿਚ ਮਦਦ ਕਰਨ ਵਾਲੀਆਂ ਸੇਵਾਵਾਂ ਨਾਲ ਜੁੜਨ ਲਈ ਉਤਸ਼ਾਹ ਦਿੰਦੇ ਹਾਂ।

ਆਪਣੇ ਫੈਮਿਲੀ ਲਾਅ ਦੇ ਮਾਮਲੇ ਨਾਲ ਨਜਿੱਠਣ ਲਈ ਜੇ ਤੁਸੀਂ ਹੋਰ ਸੇਵਾਵਾਂ ਨਾਲ ਜੁੜਨ ਵਿਚ ਮਦਦ ਚਾਹੁੰਦੇ ਹੋਵੋ ਤਾਂ ਰਾਈਜ਼ ਨਾਲ ਸੰਪਰਕ ਕਰੋ।

**ਰਾਈਜ਼ ਪਬਲਿਕ ਲੀਗਲ ਐਜੂਕੇਸ਼ਨ ਗਾਈਡਾਂ ਕਈ ਜ਼ਬਾਨਾਂ ਵਿਚ ਉਪਲਬਧ ਹੋ ਸਕਦੀਆਂ ਹਨ। ਇਸ ਗਾਈਡ ਦੇ ਅਨੁਵਾਦ ਲਈ womenslegalcentre.ca/interim-distribution ’ਤੇ ਚੈੱਕ ਕਰੋ।**

Rise
WOMEN'S LEGAL CENTRE

ਇਹ ਗਾਈਡ ਡਿਪਾਰਟਮੈਂਟ ਔਫ ਜਸਟਿਸ ਕੈਨੇਡਾ ਤੋਂ ਖੁੱਲ੍ਹਦਿਲੀ ਨਾਲ ਮਿਲੇ ਫੰਡਾਂ ਕਾਰਨ ਸੰਭਵ ਹੋਈ ਹੈ।

Department of Justice Canada | Ministère de la Justice Canada

604-451-7447
info@womenslegalcentre.ca
516 Richards St, Vancouver, BC V6B 3A2
womenslegalcentre.ca

ਸਾਡਾ ਦਫਤਰ **Skwxwu7mesh** (Squamish), **Tsleil-Waututh** (Burrard), ਅਤੇ **xʷməθkʷəy̓əm** (Musqueam) ਨੇਸ਼ਨਜ਼ ਦੇ ਤਿਆਗੇ ਨਾ ਗਏ ਇਲਾਕੇ ਉੱਪਰ ਸਥਿਤ ਹੈ।

ਮਾਰਚ 2023 | ਲੇਖਕ ਗੈਬਰੀਏਲ ਕਲਾਰਕ | ਗਰਾਫਿਕ ਡਿਜ਼ਾਇਨ ਨਾਡੀਨ ਰੇਹਨਬੀ
ਫੋਟੋਆਂ ਆਦਿਵਾਸੀ ਫੋਟੋਗ੍ਰਾਫਰ ਮੇਲੋਡੀ ਚਾਰਲੀ ਵਲੋਂ, ਜੋ Ahousat ਵਿਚ ਪੈਦਾ ਅਤੇ ਵੱਡੀ ਹੋਈ ਅਤੇ ਮਾਣ ਨਾਲ Nuu-chah-nulth ਨੂੰ ਆਪਣਾ ਘਰ ਕਹਿੰਦੀ ਹੈ। melodycharlie.com.

Interim Distribution of Property [Punjabi]